**ਐਮਰਜੰਸੀ ਮੈਨੇਜਮੈਂਟ ਬੀ.ਸੀ.**
ਸੂਬੇ ਦਾ ਐਮਰਜੰਸੀ ਪ੍ਰੋਗਰਾਮ

# ਰੇਤਾ ਦੀਆਂ ਬੋਰੀਆਂ ਨਾਲ ਬੰਨ੍ਹ ਬਣਾਉਣਾ

## ਆਮ ਜਾਣਕਾਰੀ



- ਰੇਤਾ ਦੀਆਂ ਬੋਰੀਆਂ ਦਾ ਬੰਨ੍ਹ ਉੱਚੀ ਥਾਂ 'ਤੇ ਬਣਾਓ, ਤੁਹਾਡੇ ਘਰ ਜਾਂ ਇਮਾਰਤ ਦੇ ਜਿੰਨਾ ਨੇੜੇ ਸੰਭਵ ਹੋ ਸਕੇ। ਘਰ ਜਾਂ ਇਮਾਰਤ ਦੇ ਨੇੜੇ ਹੋਣ ਨਾਲ, ਘੱਟ ਬੋਰੀਆਂ ਦੀ ਲੋੜ ਪਵੇਗੀ, ਅਤੇ ਬੰਨ੍ਹ 'ਤੇ ਪਾਣੀ ਦੀ ਮਾਰ ਘੱਟ ਪਵੇਗੀ।

- ਵੱਧ ਤੋਂ ਵੱਧ ਸੁਰੱਖਿਆ ਲਈ, ਬੰਨ੍ਹ ਬਣਾਉਣ ਵੇਲੇ ਹੜ੍ਹ ਸਬੰਧੀ ਮੌਜੂਦਾ ਕੰਮ ਜਾਂ ਬੰਨ੍ਹ ਦੇ ਨਾਲ ਨਾਲ ਜੇ ਕੋਈ ਨੀਂਵੀਆਂ ਥਾਂਵਾਂ ਹੋਣ ਤਾਂ ਉਨ੍ਹਾਂ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ।

- ਬੰਨ੍ਹ ਦੀ ਨੀਂਹ ਵਜੋਂ ਇੱਕ ਬੋਰੀ ਡੂੰਘੀ ਤੇ ਦੋ ਬੋਰੀ ਚੌੜੀ ਖਾਈ ਪੁੱਟੋ।

- ਕਾਰਗਰ ਹੋਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਬੰਨ੍ਹ ਜਿੰਨਾ ਉੱਚਾ ਹੋਵੇ, ਅਧਾਰ ਤੋਂ ਉਸ ਤੋਂ ਤਿੰਨ ਗੁਣਾ ਜ਼ਿਆਦਾ ਚੌੜਾ ਹੋਵੇ।

- ਬੋਰੀਆਂ ਦੇ ਬਾਹਰਲੇ ਪਾਸੇ ਨੂੰ ਬਾਹਰ ਰਖਦਿਆਂ ਹੋਇਆ ਅੱਧਾ ਭਰਨਾ ਚਾਹੀਦਾ ਹੈ। ਇਨ੍ਹਾਂ ਨੂੰ ਚੰਗੀ ਤਰ੍ਹਾਂ ਬੰਦ ਕਰਨ ਦੀ ਲੋੜ ਨਹੀਂ ਹੁੰਦੀ, ਇੱਕ ਦੇ ਉੱਪਰ ਇੱਕ ਬੋਰੀ ਰੱਖਣ ਨਾਲ ਰੇਤਾ ਆਪਣੇ ਆਪ ਹੀ ਆਪਣੀ ਥਾਂ 'ਤੇ ਟਿਕੀ ਰਹੇਗੀ।

- ਬੋਰੀਆਂ ਦੇ ਖੁੱਲ੍ਹੇ ਮੂੰਹ ਵਾਲਾ ਪਾਸਾ ਪਾਣੀ ਤੋਂ ਵਿਪਰੀਤ ਦਿਸ਼ਾ ਵੱਲ ਅਤੇ/ਜਾਂ ਪਹਾੜ ਦੀ ਚੜ੍ਹਾਈ ਵੱਲ ਹੋਣਾ ਚਾਹੀਦਾ ਹੈ ਤਾਂ ਕਿ ਵਗਦਾ ਪਾਣੀ ਇੱਕਦਮ ਹੀ ਰੇਤਾ ਨੂੰ ਵਹਾਅ ਕੇ ਨਾ ਲੈ ਜਾਵੇ।

- ਸਭ ਤੋਂ ਹੇਠਲੀ ਪਰਤ ਤੋਂ ਬਾਦ ਬੋਰੀਆਂ ਦੀ ਦਿਸ਼ਾ ਬਦਲ ਦਿਓ, ਭਾਵ ਸਭ ਤੋਂ ਹੇਠਲੀ ਪਰਤ ਬੰਨ੍ਹ ਦੀ ਲੰਬਾਈ ਦੇ ਨਾਲ ਨਾਲ, ਅਤੇ ਉਸ ਤੋਂ ਅਗਲੀ ਪਰਤ ਆਡੇ ਰੁਖ।

- ਬੋਰੀਆਂ ਨੂੰ ਆਪਣੀ ਥਾਂ ਰਖਦੇ ਹੋਏ, ਉਨ੍ਹਾਂ 'ਤੇ ਤੁਰ ਕੇ ਲਿਤਾੜ ਦਿਓ ਤਾਂ ਕਿ ਵੱਧ ਤੋਂ ਵੱਧ ਮਜ਼ਬੂਤੀ ਆ ਸਕੇ। ਖਿਆਲ ਰੱਖੋ ਕੋਈ ਬੋਰੀ ਫੱਟ ਨਾ ਜਾਵੇ।

- ਬੋਰੀਆਂ ਦੇ ਮੋਟੇ ਪਾਸੇ ਨੂੰ ਪਾਣੀ ਦੇ ਵਹਾਅ ਵਾਲੇ ਪਾਸੇ ਰੱਖਣਾ ਚਾਹੀਦਾ ਹੈ, ਉਨ੍ਹਾਂ ਪੰਕਤੀਆਂ ਲਈ ਜਿਹੜੀਆਂ ਪਾਣੀ ਦੇ ਵਹਾਅ ਦੇ ਸਮਕੋਣਕ (perpendicular) ਹਨ।

- ਹਰੇਕ ਅਗਲੀ ਪਰਤ ਦੋਵੇ ਪਾਸਿਉਂ ਅੱਧੀ ਬੋਰੀ ਦੀ ਚੌੜਾਈ ਦੇ ਹਿਸਾਬ ਨਾਲ ਪਿੱਛੇ ਰੱਖਣੀ ਚਾਹੀਦੀ ਹੈ ਤਾਂ ਕਿ ਪੂਰੇ ਹੋਏ ਬੰਨ੍ਹ ਦਾ ਕਰਾਸ-ਸੈਕਸ਼ਨ ਤਿਕੋਣਾ ਹੋਵੇ।

- ਸਥਾਨਕ ਵੇਰਵੇ ਅਤੇ ਪਾਣੀ ਦੀ ਪੂਰਵ-ਅਨੁਮਾਨਤ ਡੂੰਘਾਈ ਦੇ ਅਧਾਰ 'ਤੇ ਘਰ ਜਾਂ ਇਮਾਰਤ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੀਆਂ ਬੋਰੀਆਂ ਦੀ ਗਿਣਤੀ ਵੱਖ ਵੱਖ ਹੁੰਦੀ ਹੈ।

### ਰੇਤਾ ਦੀਆਂ ਬੋਰੀਆਂ ਦਾ ਬੰਨ੍ਹ ਬਣਾਉਣ ਲਈ ਸਿਫਾਰਸ਼ ਕੀਤਾ ਗਿਆ ਤਰੀਕਾ

| 100 ਫੁਟ ਲੰਮੇ ਬੰਨ੍ਹ ਲਈ ਲੋੜੀਂਦੀਆਂ ਬੋਰੀਆਂ | |
|---|---|
| ਬੰਨ੍ਹ ਤੋਂ ਉੱਪਰ ਦੀ ਉਚਾਈ | ਲੋੜੀਂਦੀਆਂ ਬੋਰੀਆਂ |
| 1/3 ਮੀਟਰ | 600 |
| 2/3 ਮੀਟਰ | 2000 |
| 1 ਮੀਟਰ | 34000 |




1. ਸਭ ਤੋਂ ਹੇਠਲੀ ਪਰਤ ਤੋਂ ਬਾਦ ਬੋਰੀਆਂ ਦੀ ਦਿਸ਼ਾ ਬਦਲ ਦਿਓ, ਭਾਵ ਸਭ ਤੋਂ ਹੇਠਲੀ ਪਰਤ ਬੰਨ੍ਹ ਦੀ ਲੰਬਾਈ ਦੇ ਨਾਲ ਨਾਲ, ਅਤੇ ਉਸ ਤੋਂ ਅਗਲੀ ਪਰਤ ਆਡੇ ਰੁਖ।
2. ਜਿਹੜੀ ਥਾਂ ਭਰੀ ਨਾ ਗਈ ਹੋਵੇ ਉਸਨੂੰ ਅਗਲੀ ਬੋਰੀ ਹੇਠਾਂ ਦੇ ਦਿਓ।
3. ਬੋਰੀਆਂ ਨੂੰ ਬੰਨਣ ਜਾਂ ਸਿਉਣ ਦੀ ਲੋੜ ਨਹੀਂ।
4. ਬੋਰੀਆਂ ਮਿੱਟੀ, ਭੱਲ ਜਾਂ ਰੇਤਾ ਨਾਲ ਤਕਰੀਬਨ ਅੱਧੀਆਂ ਭਰੀਆਂ ਹੋਣੀਆਂ ਚਾਹੀਦੀਆਂ ਹਨ।
5. ਚੰਗੀ ਤਰ੍ਹਾਂ ਲਿਤਾੜ ਕੇ ਜਾਂ ਕੁਟਾਈ ਕਰਕੇ ਰੇਤਾ ਨੂੰ ਆਪਣੀ ਥਾਂ ਬਿਠਾਓ।